ਰਾਜ ਸਭਾ ਮੈਂਬਰ ਸੰਧੂ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ 'ਚੋਂ ਗਾਇਬ ਹੋਈਆਂ ਦੁਰਲੱਭ ਹੱਥ ਲਿਖਤ ਰਚਨਾਵਾਂ ਦਾ ਮੁੱਦਾ ਚੁੱਕਿਆ

ਨਵੀਂ ਦਿੱਲੀ, 6 ਦਸੰਬਰ (ਅਜੀਤ ਬਿਊਰੋ)-ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਸੰਸਦ 'ਚ 1984 'ਚ ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ 'ਚੋਂ ਦੁਰਲੱਭ ਰਚਨਾਵਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ ਸਮੇਤ ਵਿਸ਼ਾਲ ਧਾਰਮਿਕ ਅਤੇ ਸਾਹਿਤਕ ਪੁਸਤਕਾਂ ਨਾਲ ਜੁੜਿਆ ਅਹਿਮ ਮੁੱਦਾ ਚੁੱਕਿਆ। ਸਰਦ ਰੁੱਤ ਇਜਲਾਸ ਦੌਰਾਨ ਸਦਨ 'ਚ ਮੁੱਦਾ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ 40 ਸਾਲ ਪਹਿਲਾਂ 1984 'ਚ ਕਾਂਗਰਸ ਹਕੂਮਤ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ ਤਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਸੀ। ਲਾਇਬ੍ਰੇਰੀ 'ਚ ਸਿੱਖ ਗੁਰੂ ਸਾਹਿਬਾਨ, ਸੰਤਾਂ ਤੇ ਭਗਤਾਂ ਵਲੋਂ ਲਿਖੀਆਂ ਹੋਈਆਂ ਦੁਰਲੱਭ ਰਚਨਾਵਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਸਰੂਪਾਂ ਸਮੇਤ ਵਿਸ਼ਾਲ ਧਾਰਮਿਕ ਤੇ ਸਾਹਿਤਕ ਪੁਸਤਕਾਂ ਦਾ ਸਰਮਾਇਆ ਸੀ, ਜੋ ਹਮਲੇ ਦੌਰਾਨ ਨੁਕਸਾਨਿਆ ਗਿਆ ਜਾਂ ਏਜੰਸੀਆਂ ਵਲੋਂ ਜ਼ਬਤ ਕਰ ਲਿਆ ਗਿਆ। ਸੰਧੂ ਨੇ ਇਸ ਮੁੱਦੇ 'ਤੇ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਤੇ ਸਿੱਖ ਰੈਫਰੈਂਸ ਲਾਇਬ੍ਰੇਰੀ 'ਚੋਂ ਗਾਇਬ ਹੋਈਆਂ ਸਾਰੀਆਂ ਦੁਰਲੱਭ ਹੱਥ ਲਿਖਤ ਰਚਨਾਵਾਂ ਨੂੰ ਉਸੇ ਰੂਪ 'ਚ ਮੁੜ ਤੋਂ ਸਥਾਪਿਤ ਕਰਨ ਦੀ ਮੰਗ ਵੀ ਕੀਤੀ।

ਸਤਨਾਮ ਸਿੰਘ ਸੰਧੂ

ਡਾ. ਭੱਲਾ ਦੀ ਨਵੀਂ ਪੁਸਤਕ ਯੂ.ਜੀ.ਸੀ. ਦੇ ਜੁਆਇੰਟ ਸਕੱਤਰ ਵਲੋਂ ਲੋਕ ਅਰਪਿਤ

ਜਲੰਧਰ, 6 ਦਸੰਬਰ (ਅਜੀਤ ਬਿਊਰੋ)- ਡਾ. ਗੰਭੀਰ ਸਿੰਘ ਚੌਹਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਦੇ ਜੁਆਇੰਟ ਸਕੱਤਰ ਵਲੋਂ ਅੱਜ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਦੁਆਰਾ ਲਿਖੀ ਗਈ ਪੁਸਤਕ 'ਮਾਈਂਡਸਕੇਪ ਏ ਕਲੈਕਸ਼ਨ ਆਫ਼ ਮਾਈ ਇਨਸਾਈਟਸ' ਨੂੰ ਪੰਜਾਬ ਰਾਜ ਭਵਨ ਵਿਖੇ ਲੋਕ ਅਰਪਿਤ ਕੀਤਾ ਗਿਆ। ਡਾ. ਚੌਹਾਨ ਨੇ ਇਸ ਮੌਕੇ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਿੱਖ ਧਰਮ, ਪੰਜਾਬ, ਉਚੇਰੀ ਸਿੱਖਿਆ ਅਤੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨਾਲ ਜੁੜੇ ਹੋਏ ਲੇਖਾਂ ਉੱਪਰ ਆਧਾਰਿਤ ਇਹ ਪੁਸਤਕ ਡਾ. ਭੱਲਾ ਦੇ ਵੰਨ-ਸੁਵੰਨੇ ਸਰੋਕਾਰਾਂ, ਸੰਵੇਦਨਸ਼ੀਲ ਸੋਚ, ਵਿਦਵਤਾ, ਸੁਹਿਰਦਤਾ, ਡੂੰਘੇ ਅਧਿਐਨ ਅਤੇ ਵਿਸ਼ਾਲ ਅਨੁਭਵ ਨੂੰ ਭਲੀਭਾਂਤ ਪੇਸ਼ ਕਰਦੀ ਹੈ। ਉਨ੍ਹਾਂ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੂੰ ਇਸ ਪੁਸਤਕ ਲਈ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਲੇਖਕ ਨੇ ਇਸ ਪੁਸਤਕ ਰਾਹੀਂ ਬੇਹੱਦ ਅਹਿਮ ਮੁੱਦਿਆਂ ਅਤੇ ਵਿਸ਼ਿਆਂ ਬਾਰੇ ਪਾਠਕ ਵਰਗ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਸੋਚਣ ਅਤੇ ਵਿਚਾਰਨ ਲਈ ਪ੍ਰੇਰਿਤ ਕੀਤਾ ਹੈ। ਡਾ. ਚੌਹਾਨ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਇਹ ਪੁਸਤਕ ਸਿੱਖ ਗੁਰੂ ਸਾਹਿਬਾਨ ਦੀਆਂ ਵਿਸ਼ਵ ਵਿਆਪੀ ਸਿੱਖਿਆਵਾਂ ਨੂੰ ਸਮਝਣ ਦੇ ਨਾਲ-ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ, ਅਜੋਕੀ ਜੀਵਨ ਜਾਚ ਅਤੇ ਨੌਜਵਾਨ ਪੀੜ੍ਹੀ ਨੂੰ ਦਰਪੇਸ਼ ਸਮੱਸਿਆਵਾਂ ਤੇ ਚੁਣੌਤੀਆਂ ਬਾਰੇ ਨਿਵੇਕਲੇ ਪੱਖੋਂ ਸਮਝਣ ਵਿਚ ਸਹਾਈ ਹੋਵੇਗੀ। ਡਾ. ਭੱਲਾ ਨੇ ਦੱਸਿਆ ਕਿ ਇਸ ਪੁਸਤਕ ਵਿਚ ਸ਼ਾਮਿਲ 20 ਲੇਖਾਂ ਦਾ ਬੁਨਿਆਦੀ ਮਕਸਦ ਇਹ ਹੈ ਕਿ ਇਨ੍ਹਾਂ ਰਾਹੀਂ ਪਾਠਕਾਂ ਨੂੰ ਸਿੱਖ ਗੁਰੂਆਂ ਦੇ ਇਲਾਹੀ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਪੰਜਾਬ, ਸਿੱਖ ਪੰਥ ਅਤੇ ਉਚੇਰੀ ਸਿੱਖਿਆ ਦੇ ਖੇਤਰ ਨਾਲ ਜੁੜੇ ਮਸਲਿਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਪੁਸਤਕ ਦਾ ਮੁੱਖਬੰਦ ਭਾਰਤ ਦੇ ਵਧੀਕ ਸਾਲਿਸਟਰ ਜਨਰਲ ਅਤੇ ਸਾਬਕਾ ਮੈਂਬਰ ਲੋਕ ਸਭਾ ਸੱਤਿਆ ਪਾਲ ਜੈਨ ਨੇ ਵਿਸ਼ੇਸ਼ ਤੌਰ ਉੱਪਰ ਲਿਖਿਆ ਹੈ। ਡਾ. ਅਰਵਿੰਦਰ ਸਿੰਘ ਭੱਲਾ ਨੇ ਇਸ ਪੁਸਤਕ ਨੂੰ ਲਿਖਣ ਵਿਚ ਸਹਿਯੋਗ ਅਤੇ ਮਾਰਗ ਦਰਸ਼ਨ ਦੇਣ ਲਈ ਡਾ. ਸ. ਪ. ਸਿੰਘ, ਸਾਬਕਾ ਉਪ ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਵਿਸ਼ੇਸ਼ ਧੰਨਵਾਦ ਕੀਤਾ।

ਮਸੂਦ ਅਜ਼ਹਰ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਪਾਕਿਸਤਾਨ-ਭਾਰਤ

ਨਵੀਂ ਦਿੱਲੀ, 6 ਦਸੰਬਰ (ਪੀ. ਟੀ. ਆਈ.)-ਬਹਾਵਲਪੁਰ 'ਚ ਹਾਲ ਹੀ 'ਚ ਇਕ ਜਨਤਕ ਇਕੱਠ 'ਚ ਭਾਸ਼ਣ ਦੇਣ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਭਾਰਤ ਨੇ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਖ਼ਿਲਾਫ਼ ਪਾਕਿਸਤਾਨ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਵਿਦੇਸ਼ ਮੰਤਰਾਲੇ (ਐਮ.ਈ.ਏ.) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਜੇਕਰ ਰਿਪੋਰਟ ਸਹੀ ਹੈ ਤਾਂ ਇਸ ਨੇ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਪਾਕਿਸਤਾਨ ਦੀ ਦੋਗਲੀ ਦਾ ਪਰਦਾਫਾਸ਼ ਕੀਤਾ ਹੈ। ਜੈਸਵਾਲ ਨੇ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਉਸ (ਅਜ਼ਹਰ) ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਉਸ ਨੂੰ ਨਿਆਂ ਦੇ ਘੇਰੇ 'ਚ ਲਿਆਂਦਾ ਜਾਵੇ।

ਮਹਾਰਾਜਾ ਚਾਰਲਸ ਨੇ ਪੰਜਾਬੀ ਮੂਲ ਦੇ ਲਾਰਡ ਰੰਮੀ ਰੇਂਜਰ ਤੋਂ ਸੀ.ਬੀ.ਈ. ਖ਼ਿਤਾਬ ਲਿਆ ਵਾਪਸ

ਲੰਡਨ, 6 ਦਸੰਬਰ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਹਾਊਸ ਆਫ਼ ਲਾਰਡਜ਼ ਦੇ ਪੰਜਾਬੀ ਮੂਲ ਦੇ ਲਾਰਡ ਰੰਮੀ ਰੇਂਜਰ ਤੋਂ ਬ੍ਰਿਟਿਸ਼ ਐਂਪਾਇਰ ਕਮਾਂਡਰ (ਸੀ.ਬੀ.ਈ.) ਸਨਮਾਨ ਨੂੰ ਵਾਪਸ ਲੈ ਲਿਆ ਹੈ। ਰਮਿੰਦਰ ਸਿੰਘ ਰੇਂਜਰ ਕੰਜ਼ਰਵੇਟਿਵ ਪਾਰਟੀ ਦੇ ਪੀਅਰ ਤੇ ਯੂ.ਕੇ.-ਆਧਾਰਿਤ ਫਰਮ ਸਨ ਮਾਰਕ ਲਿਮਟਿਡ ਦੇ ਸੰਸਥਾਪਕ ਹਨ, ਜਿਨ੍ਹਾਂ ਨੂੰ ਲਾਰਡ ਰੰਮੀ ਰੇਂਜਰ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਦਸੰਬਰ 2015 ਦੀ ਨਵੇਂ ਸਾਲ ਦੀ ਸਨਮਾਨ ਸੂਚੀ 'ਚ ਮਰਹੂਮ ਮਹਾਰਾਣੀ ਐਲਿਜ਼ਾਬੈਥ-2 ਵਲੋਂ ਬ੍ਰਿਟਿਸ਼ ਕਾਰੋਬਾਰ ਤੇ ਏਸ਼ੀਆਈ ਭਾਈਚਾਰੇ ਦੀਆਂ ਸੇਵਾਵਾਂ ਲਈ ਸੀ.ਬੀ.ਈ. ਦਾ ਸਨਮਾਨ ਦਿੱਤਾ ਗਿਆ ਸੀ, ਜੋ ਹੁਣ ਮਹਾਰਾਜਾ ਚਾਰਲਸ-3 ਵਲੋਂ ਰੱਦ ਕਰਦਿਆਂ ਵਾਪਸ ਲੈ ਲਿਆ ਗਿਆ ਹੈ। ਪਿਛਲੇ ਸਾਲ ਲਾਰਡ ਦੀ ਜਾਂਚ 'ਚ ਪਾਇਆ ਗਿਆ ਕਿ ਰੇਂਜਰ ਨੇ ਧੱਕੇਸ਼ਾਹੀ ਤੇ ਪ੍ਰੇਸ਼ਾਨੀ ਨਾਲ ਸੰਬੰਧਿਤ ਸੰਸਦੀ ਆਚਰਣ ਦੀ ਉਲੰਘਣਾ ਕੀਤੀ ਹੈ। ਮਹਾਰਾਜਾ ਨੇ ਨਿਰਦੇਸ਼ ਦਿੱਤਾ ਹੈ ਕਿ ਰਮਿੰਦਰ ਸਿੰਘ, ਬੈਰਨ ਰੇਂਜਰ ਦੀ 31 ਦਸੰਬਰ, 2015 ਨੂੰ ਬ੍ਰਿਟਿਸ਼ ਸਾਮਰਾਜ ਦੇ ਸਭ ਤੋਂ ਸਨਮਾਨਜਨਕ ਖ਼ਿਤਾਬ ਸਿਵਲ ਡਵੀਜ਼ਨ ਦੇ ਕਮਾਂਡਰ ਵਜੋਂ ਨਿਯੁਕਤੀ ਨੂੰ ਰੱਦ ਕਰ ਦਿੱਤਾ ਹੈ ਅਤੇ ਉਸ ਦਾ ਨਾਂਅ ਸੂਚੀ 'ਚੋਂ ਹਟਾਇਆ ਜਾਵੇਗਾ। ਲਾਰਡ ਰੇਂਜਰ ਦੇ ਬੁਲਾਰੇ ਨੇ ਕਿਹਾ ਕਿ ਲਾਰਡ ਰੇਂਜਰ ਨੇ ਕੋਈ ਅਪਰਾਧ ਨਹੀਂ ਕੀਤਾ ਹੈ ਤੇ ਨਾ ਹੀ ਉਸ ਨੇ ਕੋਈ ਕਾਨੂੰਨ ਤੋੜਿਆ ਹੈ। ਲਾਰਡ ਰੇਂਜਰ ਨੇ ਆਪਣੇ ਪ੍ਰੈੱਸ ਬਿਆਨ 'ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸੰਬੰਧੀ ਕੀਤੇ ਇਕ ਟਵੀਟ, ਗੁਜਰਾਤ ਦੰਗਿਆਂ ਬਾਬਤ ਬੀ.ਬੀ.ਸੀ. ਦੀ ਡਾਕੂਮੈਂਟਰੀ ਦੇ ਪ੍ਰਤੀਕਰਮ 'ਚ ਪਾਕਿਸਤਾਨੀਆਂ ਬਾਰੇ ਟਿੱਪਣੀ ਕਰਨ ਤੇ ਮੁਆਫ਼ੀ ਮੰਗਣ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਖ਼ਾਲਿਸਤਾਨੀਆਂ ਵਿਰੁੱਧ ਖੜ੍ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਬੀ.ਬੀ.ਸੀ. ਡਾਕੂਮੈਂਟਰੀ ਮਾਮਲੇ ਪ੍ਰਤੀਕਿਰਿਆ ਕਾਰਨ ਸੀ.ਬੀ.ਈ. ਦਾ ਖ਼ਿਤਾਬ ਗਵਾਉਣਾ ਪਿਆ ਹੈ, ਜਿਸ ਲਈ ਮੈਂ ਕਾਨੂੰਨੀ ਲੜਾਈ ਲੜਾਂਗਾ।

ਐਨ.ਐਮ.ਐਮ.ਐਸ ਅਤੇ ਪੀ.ਐਸ.ਟੀ.ਐਸ.ਈ. ਦੀ ਪ੍ਰੀਖਿਆ ਲਈ ਅਪਲਾਈ ਕਰਨ ਦੀ ਤਰੀਕ 10 ਤੱਕ ਵਧਾਈ

ਪੋਜੇਵਾਲ ਸਰਾਂ (ਨਵਾਂਸ਼ਹਿਰ), 6 ਦਸੰਬਰ (ਨਵਾਂਗਰਾਈਂ)- ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਸਿਰਜਨਾਤਮਕ ਪ੍ਰਤਿਭਾ ਦੀ ਪਛਾਣ ਕਰਨ ਹਿੱਤ ਸਿੱਖਿਆ ਵਿਭਾਗ ਵਲੋਂ ਹਰ ਸਾਲ ਅੱਠਵੀਂ ਜਮਾਤ 'ਚ ਪੜ੍ਹਦੇ ਵਿਦਿਆਰਥੀਆਂ ਲਈ ਰਾਜ ਪੱਧਰੀ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ (ਐਨ. ਐਮ. ਐਮ. ਐਸ.) ਅਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (ਪੀ.ਐਸ.ਟੀ.ਐਸ.ਈ) ਦੀ ਸਾਂਝੀ ਪ੍ਰੀਖਿਆ ਅਤੇ ਦਸਵੀਂ 'ਚ ਪੜ੍ਹਦੇ ਬੱਚਿਆਂ ਲਈ ਰਾਜ ਨਿਪੁੰਨਤਾ ਖੋਜ ਪ੍ਰੀਖਿਆ (ਪੀ.ਐਸ.ਟੀ.ਐਸ.ਈ) ਪ੍ਰੀਖਿਆ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਸੰਬੰਧੀ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਵਲੋਂ ਜਾਰੀ ਹਦਾਇਤਾਂ ਅਨੁਸਾਰ 2024-25 ਸੈਸ਼ਨ ਦੀ ਇਸ ਪ੍ਰੀਖਿਆ ਲਈ ਅੱਠਵੀਂ ਜਮਾਤ ਦੇ ਵਿਦਿਆਰਥੀ ਹੁਣ 10 ਦਸੰਬਰ ਤੱਕ ਸਿੱਖਿਆ ਵਿਭਾਗ ਦੇ ਪੋਰਟਲ 'ਤੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਦਸਵੀਂ ਜਮਾਤ ਦੇ ਵਿਦਿਆਰਥੀ ਵੀ ਰਾਜ ਨਿਪੁੰਨਤਾ ਖੋਜ ਪ੍ਰੀਖਿਆ (ਪੀ.ਐਸ.ਟੀ.ਐਸ.ਈ) ਲਈ ਵੀ ਹੁਣ 10 ਦਸੰਬਰ ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਪਹਿਲਾਂ ਅਪਲਾਈ ਕਰਨ ਦੀ ਆਖ਼ਰੀ ਤਰੀਕ 30 ਨਵੰਬਰ ਸੀ, ਹੁਣ ਸਰਕਾਰ ਵਲੋਂ ਇਨ੍ਹਾਂ ਦੋਵਾਂ ਜਮਾਤਾਂ ਲਈ ਅਪਲਾਈ ਕਰਨ ਦੀ ਤਰੀਕ ਵਿਚ 10 ਦਸੰਬਰ ਤੱਕ ਵਾਧਾ ਕੀਤਾ ਹੈ। ਇਨ੍ਹਾਂ ਦੋਵਾਂ ਜਮਾਤਾਂ ਲਈ ਪ੍ਰੀਖਿਆ 19 ਜਨਵਰੀ 2025 ਨੂੰ ਹੋਵੇਗੀ।

ਬੰਦ ਦੇ ਸਮਰਥਨ ਵਿਚ ਹੱਥ ਖੜ੍ਹੇ ਕਰਦੇ ਹੋਏ ਉਦਯੋਗਪਤੀ।

ਮੰਡੀ ਗੋਬਿੰਦਗੜ੍ਹ ਦੀਆਂ ਰੋਲਿੰਗ ਮਿੱਲਾਂ ਫਿਰ ਬੰਦ ਕਰਨ ਦਾ ਐਲਾਨ

ਖੰਨਾ, 6 ਦਸੰਬਰ (ਹਰਜਿੰਦਰ ਸਿੰਘ ਲਾਲ)- ਖੰਨਾ ਮੰਡੀ ਗੋਬਿੰਦਗੜ੍ਹ ਦੀਆਂ ਰੋਲਿੰਗ ਮਿੱਲਾਂ ਵਲੋਂ ਪ੍ਰਦੂਸ਼ਣ ਬੋਰਡ ਵਲੋਂ ਭੇਜੇ ਜਾ ਰਹੇ ਨੋਟਿਸਾਂ ਅਤੇ ਜੁਰਮਾਨੇ ਦੇ ਵਿਰੋਧ ਵਿਚ ਇਕ ਵਾਰ ਫਿਰ ਮਿੱਲਾਂ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਅੱਜ ਆਲ ਇੰਡੀਆ ਸਟੀਲ ਰੀ ਰੋਲਰਸ ਐਸੋਸੀਏਸ਼ਨ (ਆਇਸਰਾ) ਅਤੇ ਸਮਾਲ ਸਕੇਲ ਸਟੀਲ ਰੀ ਰੋਲਰਜ਼ ਐਸੋਸੀਏਸ਼ਨ (ਸਮਾਸਰਾ) ਦੀ ਖੰਨਾ ਵਿਚ ਹੋਈ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ 11 ਦਸੰਬਰ ਤੋਂ 15 ਦਸੰਬਰ ਤੱਕ ਤੱਕ ਖੰਨਾ ਮੰਡੀ ਗੋਬਿੰਦਗੜ੍ਹ ਰੋਲਿੰਗ ਮਿੱਲਾਂ ਅਤੇ ਲੋਹੇ ਦੇ ਸਾਰੇ ਉਦਯੋਗ ਬੰਦ ਰਹਿਣਗੇ। ਆਇਸਰਾ ਦੇ ਪ੍ਰਧਾਨ ਵਿਨੋਦ ਵਸ਼ਿਸ਼ਟ ਅਤੇ ਸਮਾਸਰਾ ਦੇ ਪ੍ਰਧਾਨ ਰਾਜੀਵ ਸੂਦ ਨੇ ਦੱਸਿਆ ਕਿ ਹੁਣ ਤੱਕ ਰੋਲਿੰਗ ਮਿੱਲਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਾ ਸਹਿਯੋਗ ਮਿਲ ਰਿਹਾ ਸੀ ਪਰ ਪ੍ਰਦੂਸ਼ਣ ਬੋਰਡ ਐਨ. ਜੀ. ਟੀ. ਹੁਕਮਾਂ ਦਾ ਬਹਾਨਾ ਲਾ ਕੇ ਇਹ ਰੋਜ਼ਾਨਾ ਸੈਂਕੜੇ ਰੋਲਿੰਗ ਮਿੱਲਾਂ 'ਤੇ ਜੁਰਮਾਨੇ ਲਾ ਰਿਹਾ ਹੈ ਅਤੇ ਕੁੱਝ ਮਿੱਲਾਂ ਨੂੰ ਜੁਰਮਾਨੇ ਕਰਨ ਲਈ ਨੋਟਿਸ ਵੀ ਜਾਰੀ ਕੀਤੇ ਜਾ ਰਹੇ ਹਨ। ਪ੍ਰਦੂਸ਼ਣ ਨਿਯਮਾਂ ਤਹਿਤ ਜੁਰਮਾਨਾ ਉਦੋਂ ਹੀ ਲਗਾਇਆ ਜਾ ਸਕਦਾ ਹੈ, ਜਦੋਂ ਇਹ ਸਾਬਤ ਹੋ ਜਾਵੇ ਕਿ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ, ਜਦਕਿ ਬੋਰਡ ਕੋਲ ਇਕ ਵੀ ਦਿਨ ਦਾ ਅੰਕੜਾ ਵੀ ਨਹੀਂ ਹੈ, ਜਿਸ ਦਿਨ ਰੋਲਿੰਗ ਮਿੱਲਾਂ ਕਾਰਨ ਖੰਨਾ ਮੰਡੀ ਗੋਬਿੰਦਗੜ੍ਹ ਦਾ ਏ. ਕਿਊ ਆਈ. ਪੱਧਰ ਵਧਿਆ ਹੋਵੇ। ਇਸ ਮੌਕੇ ਆਇਸਰਾ ਦੇ ਜਨਰਲ ਸਕੱਤਰ ਉੱਤਰੀ ਜ਼ੋਨ ਸੁਸ਼ੀਲ ਸ਼ਰਮਾ, ਸਮਸਰਾ ਦੇ ਜਨਰਲ ਸਕੱਤਰ ਦਰਸ਼ਨ ਨਲਾਸ ਅਤੇ ਖ਼ਜ਼ਾਨਚੀ ਪ੍ਰਦੀਪ ਭੱਲਾ, ਆਇਸਰਾ ਐਨ. ਈ. ਮੈਂਬਰ ਗੁਰਮੀਤ ਰਹਿਲ, ਸੁਭਾਸ਼ ਸ਼ਰਮਾ, ਦਿਨੇਸ਼ ਅਗਰਵਾਲ, ਰਾਕੇਸ਼ ਗੁਪਤਾ, ਰਜਿੰਦਰ ਸਿੰਘੀ ਆਦਿ ਹਾਜ਼ਰ ਸਨ।

ਲੋਹੇ ਦੀਆਂ ਕੀਮਤਾਂ 'ਤੇ ਪਏਗਾ ਅਸਰ

ਪੂਰੇ ਭਾਰਤ ਵਿਚ ਲੋਹੇ ਦੀਆਂ ਕੀਮਤਾਂ ਹੁਣ ਖੰਨਾ ਮੰਡੀ, ਗੋਬਿੰਦਗੜ੍ਹ ਦੀ ਸਟੀਲ ਮੰਡੀ ਦੇ ਰੁਝਾਨ ਨੂੰ ਦੇਖਦਿਆਂ ਤੈਅ ਕੀਤੀਆਂ ਜਾਂਦੀਆਂ ਹਨ, ਇਸ ਮਾਰਕੀਟ ਦੇ ਬੰਦ ਹੋਣ ਨਾਲ ਪੂਰੇ ਭਾਰਤ ਵਿਚ ਲੋਹੇ ਦੀਆਂ ਕੀਮਤਾਂ ਪ੍ਰਭਾਵਿਤ ਹੋਣਗੀਆਂ। ਅੱਜ ਸ਼ਾਮ ਜਿਵੇਂ ਹੀ ਰੋਲਿੰਗ ਮਿੱਲਾਂ ਦੇ ਬੰਦ ਹੋਣ ਦੀ ਖ਼ਬਰ ਫੈਲੀ ਤਾਂ ਲੋਹੇ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ।

ਅਵਤਾਰ ਸਿੰਘ ਕਰੀਮਪੁਰੀ ਨੂੰ ਸਦਮਾ, ਮਾਤਾ ਦਾ ਦਿਹਾਂਤ

ਮਾਹਿਲਪੁਰ (ਹੁਸ਼ਿਆਰਪੁਰ), 6 ਦਸੰਬਰ (ਰਜਿੰਦਰ ਸਿੰਘ)-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੂੰ ਉਸ ਸਮੇਂ ਵੱਡਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਅਮਰ ਕੌਰ (88) ਪਤਨੀ ਸਵ: ਸਦਾ ਰਾਮ ਸੰਖੇਪ ਬਿਮਾਰੀ ਉਪਰੰਤ ਸਦੀਵੀ ਵਿਛੋੜਾ ਦੇ ਗਏ। ਦੁੱਖ ਦੀ ਘੜੀ 'ਚ ਸਮੂਹ ਰਿਸ਼ਤੇਦਾਰ, ਰਾਜਸੀ, ਸਮਾਜਿਕ, ਧਾਰਮਿਕ ਆਗੂਆਂ ਵਲੋਂ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ।

ਰਾਜ 'ਚ ਅਮਨ ਕਾਨੂੰਨ ਦੀ ਸਥਿਤੀ ਚੁਣੌਤੀਪੂਰਵਕ- ਰਾਜਪਾਲ

ਅੰਮ੍ਰਿਤਸਰ, 6 ਦਸੰਬਰ (ਰੇਸ਼ਮ ਸਿੰਘ)-ਅਕਾਲੀ ਆਗੂ ਸੁਖਬੀਰ ਸਿੰਘ ਬਾਦਲ 'ਤੇ ਹਮਲੇ ਬਾਰੇ ਅਤੇ ਰਾਜ ਦੇ ਥਾਣਿਆਂ 'ਚ ਹੋ ਰਹੇ ਬੰਬ ਧਮਾਕਿਆਂ ਬਾਰੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਇਸ ਵੇਲੇ ਰਾਜ 'ਚ ਅਮਨ ਕਾਨੂੰਨ ਦੀ ਸਥਿਤੀ ਚੁਣੌਤੀਪੂਰਵਕ ਬਣੀ ਹੋਈ ਹੈ। ਉਹ ਅੱਜ ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਣ ਤੇ ਨਸ਼ਿਆਂ ਖ਼ਿਲਾਫ਼ ਮੁਹਿੰਮ ਦੀ ਸ਼ੁਰੂਆਤ ਕਰਨ ਉਪਰੰਤ ਇਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੱਤਰਕਾਰ ਸੰਮੇਲਨ ਕਰ ਰਹੇ ਸਨ। ਸ਼ੰਭੂ ਸਰਹੱਦ 'ਤੇ ਕਿਸਾਨਾਂ ਤੇ ਪੁਲਿਸ ਦਰਮਿਆਨ ਹੋਈਆਂ ਝੜਪਾਂ ਬਾਰੇ ਪੁੱਛੇ ਜਾਣ 'ਤੇ ਰਾਜਪਾਲ ਕਟਾਰੀਆ ਨੇ ਕਿਹਾ ਕਿ ਕਿ ਭਾਵੇਂ ਕਿਸਾਨੀ ਮੰਗਾਂ ਬਾਰੇ ਮਸਲਾ ਕੇਂਦਰ ਤੇ ਰਾਜ ਸਰਕਾਰਾਂ ਨਾਲ ਸੰਬੰਧਤ ਹੈ ਪਰ ਕਈ ਵਾਰ ਮਿਲ ਕੇ ਬੈਠਣ ਨਾਲ ਮਸਲੇ ਹੱਲ ਹੋ ਜਾਂਦੇ ਹਨ ਅਤੇ ਕਿਸਾਨਾਂ ਨਾਲ ਮਿਲ ਬੈਠ ਕੇ ਇਸ ਮਾਮਲੇ ਦਾ ਹੱਲ ਵੀ ਨਿਕਲ ਸਕਦਾ ਹੈ। ਕਟਾਰੀਆ ਨੇ ਦੱਸਿਆ ਕਿ 'ਨਸ਼ਾ ਮੁਕਤ ਭਾਰਤ ਅਭਿਆਨ' ਦੇ ਨਾਲ ਮਿਲ ਕੇ ਇਹ ਮੁਹਿੰਮ ਰਾਜ ਸਰਕਾਰਾਂ, ਵਿਦਿਅਕ ਸੰਸਥਾਵਾਂ, ਸਮਾਜ ਭਲਾਈ ਸੰਸਥਾਵਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਕੇ ਚਲਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਦੇ ਨਾਲ ਸਾਂਝੇਦਾਰੀ ਅਤੇ ਸਮਾਜ ਸੇਵੀ ਲੇਖਕ ਖੁਸ਼ਵੰਤ ਸਿੰਘ ਦੀ ਅਗਵਾਈ ਵਿਚ ਆਯੋਜਿਤ 'ਪੀਪਲਜ਼ ਵਾਕ ਅਗੇਂਸਟ ਡਰੱਗਜ਼' ਮੁਹਿੰਮ 7 ਦਸੰਬਰ ਤੋਂ 11 ਦਸੰਬਰ ਤੱਕ ਚਲਾਈ ਜਾ ਰਹੀ ਹੈ ਜਿਸ ਤਹਿਤ 10 ਦਸੰਬਰ ਨੂੰ ਪ੍ਰਸਿੱਧ ਦੌੜਾਕ ਸਰਦਾਰ ਫੌਜਾ ਸਿੰਘ ਦੇ ਘਰ ਪਿੰਡ ਬਿਆਸ ਤੋਂ ਸ਼ੁਰੂ ਹੋ ਕੇ ਸ਼ਾਮ ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਬਾਠ ਵਿਖੇ ਵਿਸ਼ੇਸ਼ ਰੈਲੀ ਕੱਢੀ ਜਾ ਰਹੀ ਹੈ। 11 ਦਸੰਬਰ ਨੂੰ ਬਾਠ ਤੋਂ ਕਰਤਾਰਪੁਰ ਵਿਚ ਜੰਗ-ਏ-ਆਜ਼ਾਦੀ ਯਾਦਗਾਰ ਤੱਕ ਇਹ ਰੈਲੀ ਨਿਕਲੇਗੀ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਕੇਸਾਂ ਵਿਚ ਸਜ਼ਾ ਮਿਲਣ ਦੀ ਦਰ ਦੂਸਰੇ ਸੂਬਿਆਂ ਨਾਲੋਂ ਵਧੀਆ ਹੈ। ਉਨ੍ਹਾਂ ਕਿਹਾ ਕਿ 533 ਕਿਲੋਮੀਟਰ ਸਰਹੱਦ ਜੋ ਕਿ ਪਾਕਿਸਤਾਨ ਨਾਲ ਲਗਦੀ ਹੈ, ਵਿਖੇ 12 ਐਂਟੀ ਡਰੋਨ ਸਿਸਟਮ ਲਾਏ ਗਏ ਹਨ ਅਤੇ ਕੇਂਦਰੀ ਗ੍ਰਹਿ ਮੰਤਰੀ ਵਲੋਂ 26 ਹੋਰ ਲਾਏ ਜਾਣ ਦੀ ਮਨਜ਼ੂਰੀ ਦਿੱਤੀ ਹੈ। ਇਸ ਤੋਂ ਇਲਾਵਾ ਸਾਰੀ ਸਰਹੱਦ 'ਤੇ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਆਦਿ ਅਧਿਕਾਰੀ ਵੀ ਹਾਜ਼ਰ ਸਨ।

- ਕਿਹਾ, ਕਿਸਾਨਾਂ ਦੇ ਮਸਲੇ ਦਾ ਹੱਲ ਮਿਲ ਬੈਠ ਕੇ ਕੀਤੇ ਜਾਣ ਨਾਲ ਸੰਭਵ
- ਨਸ਼ਾ ਮੁਕਤ ਰੰਗਲਾ ਪੰਜਾਬ ਮੁਹਿੰਮ ਦੀ ਸ਼ੁਰੂਆਤ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਗੱਲਬਾਤ ਕਰਦੇ ਹੋਏ ਰਾਜਪਾਲ ਗੁਲਾਬ ਚੰਦ ਕਟਾਰੀਆ, ਨਾਲ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਤੇ ਹੋਰ। ਤਸਵੀਰ- ਨਿਰਮਲ ਸਟੂਡੀਓ

ਸਰਕਾਰੀ ਕਣਕ ਦਾ ਟੈਂਡਰ ਜਾਰੀ ਹੋਣ ਤੋਂ ਬਾਅਦ ਭੜਕਿਆ ਬਾਜ਼ਾਰ

ਜਲੰਧਰ, 6 ਦਸੰਬਰ (ਸ਼ਿਵ)- ਸਰਕਾਰੀ ਕਣਕ ਦਾ ਟੈਂਡਰ ਜਾਰੀ ਹੋਣ ਤੋਂ ਪਹਿਲਾਂ ਹੀ ਬਾਜ਼ਾਰ ਵਿਚ ਇਸ ਗੱਲ ਦੀ ਸ਼ੰਕਾ ਸੀ ਕਿ ਕਣਕ ਦੀ ਕੀਮਤ ਵਿਚ ਕਮੀ ਆਉਣ ਦੀ ਸੰਭਾਵਨਾ ਨਹੀਂ ਹੈ ਤੇ ਉਨ੍ਹਾਂ ਦੀ ਸ਼ੰਕਾ ਸਹੀ ਸਾਬਤ ਹੋਈ ਹੈ ਕਿਉਂਕਿ ਇਸ ਸਾਲ ਕਈ ਮਹੀਨੇ ਬਾਅਦ ਸਰਕਾਰੀ ਕਣਕ ਦੇ ਬੀਤੇ ਸ਼ੁੱਕਰਵਾਰ ਨੂੰ ਜਾਰੀ ਹੋਏ ਟੈਂਡਰ ਦੀ ਕਣਕ 3100 ਰੁਪਏ ਕੁਇੰਟਲ ਵਿਚ ਵਿਕੀ ਹੈ। ਸਰਕਾਰੀ ਕਣਕ ਦਾ ਟੈਂਡਰ 2300 ਰੁਪਏ ਕੁਇੰਟਲ ਦਾ ਲੱਗਾ ਸੀ ਜਿਹੜਾ ਕਿ 3100 ਰੁਪਏ ਕੁਇੰਟਲ ਤੱਕ ਗਿਆ ਹੈ। ਬਾਜ਼ਾਰ ਵਿਚ ਕਣਕ ਦੀ ਕੀਮਤ 2900 ਰੁਪਏ ਤੋਂ ਲੈ ਕੇ 3000 ਰੁਪਏ ਤੱਕ ਚੱਲ ਰਹੀ ਸੀ ਤਾਂ ਸਰਕਾਰੀ ਕਣਕ ਦੇ ਟੈਂਡਰ ਦੀ ਕਣਕ ਹੀ 200 ਰੁਪਏ ਕੁਇੰਟਲ ਵਧ ਕੀਮਤ 'ਤੇ ਵਿਕੀ ਹੈ। ਪਿਛਲੇ ਸ਼ੁੱਕਰਵਾਰ ਨੂੰ ਸਰਕਾਰੀ ਕਣਕ ਦਾ ਟੈਂਡਰ ਜਾਰੀ ਕੀਤਾ ਗਿਆ ਸੀ ਤਾਂ ਦੂਜੇ ਟੈਂਡਰ ਦੀ ਕਣਕ ਦਾ ਭਾਅ ਵੀ 3100 ਰੁਪਏ ਕੁਇੰਟਲ ਵਿਚ ਗਿਆ ਹੈ। ਬਾਜ਼ਾਰੀ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਟੈਂਡਰ ਦੀ ਕਣਕ ਹੀ 3100 ਰੁਪਏ ਤੱਕ ਗਈ ਹੈ ਤਾਂ ਫਿਰ ਬਾਜ਼ਾਰ ਵਿਚ ਇਸ ਤੋਂ ਸਸਤੀ ਕਣਕ ਮਿਲਣ ਦੀ ਆਸ ਵੀ ਨਹੀਂ। ਉਂਜ ਇਸ ਵੇਲੇ ਦੇਸ਼ ਭਰ ਵਿਚ ਕਣਕ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ ਸਗੋਂ ਰਾਜਸਥਾਨ ਵਿਚ ਤਾਂ ਪੰਜਾਬ ਨਾਲੋਂ 150 ਰੁਪਏ ਜ਼ਿਆਦਾ ਮੁੱਲ 'ਤੇ ਵਿਕੀ ਹੈ। ਕਣਕ ਬਾਜ਼ਾਰ ਸੂਤਰਾਂ ਦਾ ਕਹਿਣਾ ਹੈ ਕਿ ਅਗਲੇ ਸਾਲ ਨਵੀਂ ਕਣਕ ਆਉਣ ਤੋਂ ਪਹਿਲਾਂ ਜਨਵਰੀ ਵਿਚ ਹੀ ਕਣਕ ਦੀਆਂ ਕੀਮਤਾਂ ਹੇਠਾਂ ਆਉਣ ਦੀ ਸੰਭਾਵਨਾ ਹੈ।

ਟੈਕਸੀ HIRING ਲਈ ਕੁਟੇਸ਼ਨ ਨੋਟਿਸ

PUNJAB BUREAU OF INVESTMENT PROMOTION
GROUND & 2ND FLOOR, UDYOG BHAWAN, SECTOR-17, CHANDIGARH
Tel:+91-172-2776000/01/55, Email: hr.pbip@investpunjab.gov.in
Ref No: PBIP/Tender/HTOT/02/2024

ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਵੱਲੋਂ (monthly basis) ਤੇ ਇੱਕ ਸਾਲ ਲਈ ਟੈਕਸੀ Hiring (Extendable up 3 years) ਹਾਇਰ ਕਰਨ ਲਈ ਸੀਲਬੰਦ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਕੁਟੇਸ਼ਨ (RFQ) Document ਲਿੰਕ www.investpunjab.gov.in/tender ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਦਫ਼ਤਰ ਵਲੋਂ ਬਿਨਾਂ ਕੋਈ ਕਾਰਨ ਦੱਸੇ ਕਿਸੇ ਜਾਂ ਸਾਰੇ ਟੈਂਡਰਾਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਿਆ ਜਾਂਦਾ ਹੈ। Quotation ਭੇਜਣ ਦੀ ਆਖਰੀ ਮਿਤੀ 16.12.2024 ਸਮਾਂ 6.00 PM ਹੈ। ਕੋਰੀਜੰਡਮ ਕੇਵਲ www.investpunjab.gov.in ਵੈਬਸਾਈਟ ਤੋਂ ਹੀ ਜਾਰੀ ਕੀਤਾ ਜਾਵੇਗਾ।

(Estimated tender value Rs 21.6 lakhs-4 vehicles, 1 year)

ਸਹੀ/-ਕਾਰਜਕਾਰੀ ਨਿਰਦੇਸ਼ਕ,
PR-Advt.No.: na/12/26906/2023/29894 ਪੰਜਾਬ ਬਿਊਰੋ ਆਫ਼ ਇਨਵੈਸਟਮੈਂਟ ਪ੍ਰੋਮੋਸ਼ਨ।

ਪੰਜਾਬ ਸਰਕਾਰ
ਨਗਰ ਪੰਚਾਇਤ ਮਹਿਲਪੁਰ

ਟੈਂਡਰ ਨੋਟਿਸ ਨੰ: ME/AME/JE/MC FUNDS/MAHILPUR/LS/2024/3

ਮਿਤੀ 12.12.2024 ... 24.12.2024 ... WWW.EPROC.PUNJAB.GOV.IN

PR-Advt No.-NA/12/26917/2023/39910

ਬਾ ਅਦਾਲਤ ਸ੍ਰੀ ਰੋਹਿਤ ਗੁਪਤਾ ਪੀ.ਸੀ.ਐਸ., ਸਹਾਇਕ ਕੁਲੈਕਟਰ ਦਰਜਾ ਪਹਿਲਾ ਕਮ ਉਪ ਮੰਡਲ ਮੈਜਿਸਟ੍ਰੇਟ, ਲੁਧਿਆਣਾ ਪੂਰਬੀ।

ਕਿਸਮ ਕੇਸ ਮੁਤਨਾਜ਼ਾ ਇੰਤਕਾਲ ਨੰਬਰ 39446
ਤਾਰੀਖ਼ ਪੇਸ਼ੀ 07.01.2025

ਉਪਰੋਕਤ ਕੇਸ ਮੁਤਨਾਜ਼ਾ ਇੰਤਕਾਲ ਨੰਬਰ 39446 ... ਹੱਦਬਸਤ ਨੰਬਰ 164 ... ਲੁਧਿਆਣਾ ਪੂਰਬੀ ... ਮਿਤੀ 11.01.1997 ਦੇ ਅਧਾਰ ਤੇ ਦਰਜ ਕੀਤਾ ਗਿਆ ਹੈ। ... ਮਿਤੀ 07.01.2025 ਨੂੰ ... ਅੱਜ ਮਿਤੀ 03/12/2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ
-ਕਮ-ਉਪ ਮੰਡਲ ਮੈਜਿਸਟ੍ਰੇਟ
ਲੁਧਿਆਣਾ ਪੂਰਬੀ।

ਅਦਾਲਤ ਸ੍ਰੀ ਸੁਰਿੰਦਰ ਸਿੰਘ ਪੀ. ਸੀ. ਐਸ.

ਸਹੀ/- ਮੋਹਿਤ ਅਗਰਵਾਲ
ਕਮ-ਡਿਪਟੀ-ਵਧੀਕ ਕਮਿਸ਼ਨਰ, ਗੁਰਦਾਸਪੁਰ

COURT NOTICE

(U/o 5 Rule 20 CPC)
In the Court of Ms. Manpreet Kaur
Civil Judge (Senior Division) Hoshiarpur
Surjit Singh VS. Jasbir Singh
CNR No: PBHO02-000506-2024
Next Date: 23-12-2024

Publication Issued To: 1 (a) Baljit Kaur Widow of Jasbir Singh 1 (c) Baljinder Kaur d/o Jasbir Singh 1 (d) Tejkirandeep Kaur d/o Jasbir Singh All r/o Village Phalahi, PO Bharrana Tehsil and District Hoshiarpur

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 23-12-2024 at 10 am
For details logon to https://highcourtchd.gov.in/?trs=district_notice&district=Hoshiarpur
Civil Judge (Senior Division) Hoshiarpur
Dated, this day of 05-12-2024

ਅਸਤੀਫ਼ੇ ਸਵੀਕਾਰ ਨਾ ਕਰਕੇ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਨਾ ਕਰੇ

ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਚੁੱਕਿਆ ਮੁੱਦਾ

ਚੰਡੀਗੜ੍ਹ, 6 ਦਸੰਬਰ (ਪ੍ਰੋ. ਅਵਤਾਰ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਪੁੜੈਣ, ਮਹਿੰਦਰ ਸਿੰਘ ਹੁਸੈਨਪੁਰ, ਕਰਨੈਲ ਸਿੰਘ ਪੰਜੋਲੀ ਅਤੇ ਮਿੱਠੂ ਸਿੰਘ ਕਾਹਨੇਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਆਵਾਜ਼ ਉਠਾਉਂਦੇ ਹੋਏ ਕਿਹਾ ਕਿ ਅਕਾਲੀ ਦਲ ਲੀਡਰਸ਼ਿਪ ਨੇ ਅਸਤੀਫ਼ੇ ਸਵੀਕਾਰ ਨਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਦਾ ਸਬੂਤ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਆਦੇਸ਼ ਹੋਏ ਸੀ ਕਿ ਅਸਤੀਫ਼ਾ ਦੇ ਚੁੱਕੇ ਲੀਡਰਾਂ ਦਾ ਤਿੰਨ ਦਿਨ ਅੰਦਰ ਅਸਤੀਫ਼ਾ ਸਵੀਕਾਰ ਕਰਕੇ ਸਕੱਤਰੇਤ ਅਕਾਲ ਤਖ਼ਤ ਸਾਹਿਬ ਨੂੰ ਜਾਣਕਾਰੀ ਭੇਜੀ ਜਾਵੇ ਪਰ ਅੱਜ ਵਰਕਿੰਗ ਕਮੇਟੀ ਦੇ ਮੁਖੀ ਬਲਵਿੰਦਰ ਸਿੰਘ ਭੂੰਦੜ ਇਸ ਦੇ ਉਲਟ ਗਏ ਹਨ। ਮੈਂਬਰਾਂ ਨੇ ਕਿਹਾ ਕਿ ਜਿਸ ਵਿਵਾਦਿਤ ਡੀ.ਜੀ.ਪੀ. ਸੁਮੇਧ ਸੈਣੀ ਦੀ ਨਿਯੁਕਤੀ ਕਰਕੇ ਸਮੁੱਚੀ ਲੀਡਰਸ਼ਿਪ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਅੱਜ ਉਸੇ ਸੁਮੇਧ ਸੈਣੀ ਦੇ ਵਕੀਲ ਰਹੇ ਸਤਨਾਮ ਸਿੰਘ ਕਲੇਰ ਜਿਹੜੇ ਕਿ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਵੀ ਹਨ ਤੇ ਉਨ੍ਹਾਂ ਦੇ ਬੇਟੇ ਅਰਸ਼ਦੀਪ ਸਿੰਘ ਕਲੇਰ ਮੁੱਖ ਬੁਲਾਰੇ ਹਨ, ਅੱਜ ਦੀ ਕੋਰ ਕਮੇਟੀ ਵਿਚ ਅਰਸ਼ਦੀਪ ਕਲੇਰ ਦਾ ਹਾਜ਼ਰ ਹੋਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਹਾਲੇ ਤੱਕ ਵੀ ਪੰਥਕ ਗ਼ਲਤੀਆਂ ਦਾ ਸਬਕ ਨਹੀਂ ਲਿਆ। ਅਸਤੀਫ਼ਾ ਦੇ ਚੁੱਕੇ ਡਾ: ਦਲਜੀਤ ਸਿੰਘ ਚੀਮਾ ਅਤੇ ਐਨ.ਕੇ. ਸ਼ਰਮਾ ਦਾ ਕੋਰ ਕਮੇਟੀ 'ਚ ਸ਼ਾਮਲ ਹੋਣਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਖ਼ਿਲਾਫ਼ ਹੈ। ਇਸ ਨਾਲ ਲੀਡਰਾਂ ਦਾ ਦੋਹਰਾ ਚਿਹਰਾ ਨੰਗਾ ਹੋ ਰਿਹਾ ਹੈ ਕਿਉਂਕਿ ਵਰਕਿੰਗ ਕਮੇਟੀ ਦੀ ਮੀਟਿੰਗ ਲਈ ਸਿੰਘ ਸਾਹਿਬਾਨ ਤੋਂ ਕੁਝ ਦਿਨ ਦਾ ਸਮਾਂ ਇਹ ਕਹਿ ਕੇ ਮੰਗਿਆ ਗਿਆ ਸੀ ਕਿ ਅਸੀਂ ਸੇਵਾ ਤੱਕ ਮੀਟਿੰਗ ਨਹੀਂ ਕਰ ਸਕਦੇ। ਜੇਕਰ ਕੋਰ ਕਮੇਟੀ ਦੀ ਮੀਟਿੰਗ ਬੁਲਾਈ ਜਾ ਸਕਦੀ ਹੈ ਤਾਂ ਵਰਕਿੰਗ ਕਮੇਟੀ ਦੀ ਮੀਟਿੰਗ ਕਿਉਂ ਨਹੀਂ ਬੁਲਾਈ ਜਾ ਸਕਦੀ ਸੀ।

ਏਡਿਡ ਕਾਲਜਾਂ ਦੇ ਨਾਨ ਟੀਚਿੰਗ ਕਰਮਚਾਰੀ ਰੈਗੂਲਰ ਸੇਵਾਵਾਂ ਦੀ ਉਡੀਕ 'ਚ

ਜਲੰਧਰ, 6 ਦਸੰਬਰ (ਅਜੀਤ ਬਿਊਰੋ)- ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਨਾਨ-ਟੀਚਿੰਗ ਕਰਮਚਾਰੀ (ਕਲਰਕ ਤੇ ਲੈਬ ਅਟੈਂਡੈਂਟ) ਦੀਆਂ ਸੇਵਾਵਾਂ ਲੰਬੇ ਸਮੇਂ ਤੋਂ ਰੈਗੂਲਰ ਨਾ ਹੋਣ ਕਰਕੇ ਉਹ ਕਰਜ਼ੇ ਚੁੱਕ ਕੇ ਘਰਾਂ ਦੇ ਗੁਜ਼ਾਰੇ ਕਰਨ ਲਈ ਮਜਬੂਰ ਹਨ। ਗ੍ਰਾਂਟ-ਇਨ-ਏਡ ਸਕੀਮ ਤਹਿਤ 342 ਪੋਸਟਾਂ ਅਧੀਨ ਰੈਗੂਲਰ ਹੋਣ ਤੋਂ ਰਹਿੰਦੇ 30-35 ਨਾਨ-ਟੀਚਿੰਗ ਕਰਮਚਾਰੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਪਰਖ ਕਾਲ ਸਮਾਂ 3 ਸਾਲ ਦਾ ਸੀ, ਜਿਨ੍ਹਾਂ ਨੂੰ ਸੇਵਾਵਾਂ 'ਚ ਜਾਏ 4 ਸਾਲ ਦੇ ਕਰੀਬ ਸਮਾਂ ਬੀਤ ਚੁੱਕਾ ਹੈ। ਉਨ੍ਹਾਂ ਤੋਂ ਪਹਿਲਾਂ ਭਰਤੀ ਹੋਏ ਸਾਰੇ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਡਾਇਰੈਕਟਰ ਉਚੇਰੀ ਸਿੱਖਿਆ (ਕਾਲਜਾਂ) ਪੰਜਾਬ ਵਲੋਂ ਸੇਵਾਵਾਂ ਰੈਗੂਲਰ ਕਰਨ ਸੰਬੰਧੀ ਕਾਲਜਾਂ ਕੋਲੋਂ 4 ਮਹੀਨੇ ਪਹਿਲਾਂ ਕੇਸ ਮੰਗ ਲਏ ਗਏ ਸਨ, ਪਰ ਬਾਅਦ 'ਚ ਉਨ੍ਹਾਂ ਕੇਸਾਂ ਬਾਰੇ ਕੋਈ ਸੁੱਖ-ਸੁਨੇਹਾ ਨਹੀਂ ਮਿਲ ਰਿਹਾ। ਬਹੁਤੇ ਕਰਮਚਾਰੀ 7-8 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ 'ਤੇ ਗੁਜ਼ਾਰਾ ਕਰ ਰਹੇ ਹਨ। ਉਨ੍ਹਾਂ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਤੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਸੰਯਮ ਅਗਰਵਾਲ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਲੰਬੇ ਸਮੇਂ ਤੋਂ ਲਟਕੇ ਮਸਲੇ ਨੂੰ ਹੱਲ ਕਰਦਿਆਂ ਸੇਵਾਵਾਂ ਰੈਗੂਲਰ ਕਰਨ ਸੰਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ।

ਘੰਟਾ ਘਰ ਪਲਾਜ਼ਾ ਵਿਖੇ ਗੱਲਬਾਤ ਕਰਨ ਮੌਕੇ ਪ੍ਰੋ: ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਪਟਿਆਲਾ। ਨਾਲ ਭਾਈ ਰਣਜੀਤ ਸਿੰਘ, ਬੀਬੀ ਸੰਦੀਪ ਕੌਰ, ਬਲਜੀਤ ਸਿੰਘ ਖਾਲਸਾ, ਭਾਈ ਦਿਲਬਾਗ ਸਿੰਘ ਤੇ ਹੋਰ। ਤਸਵੀਰ : ਹਰਜੀਤ ਸਿੰਘ

'ਬਰਖ਼ਾਸਤ ਪੰਜ ਪਿਆਰਿਆਂ' ਦੀ ਮੁੜ ਬਹਾਲੀ ਦਾ ਮਾਮਲਾ ਉੱਠਿਆ

ਅੰਮ੍ਰਿਤਸਰ, 6 ਦਸੰਬਰ (ਜਸਵੰਤ ਸਿੰਘ ਜੱਸ)-ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਪਲਾਜ਼ਾ ਵਿਖੇ ਗੱਲਬਾਤ ਕਰਦਿਆਂ ਭਾਈ ਹਵਾਰਾ ਕਮੇਟੀ ਦੇ ਆਗੂਆਂ ਪ੍ਰੋ: ਬਲਜਿੰਦਰ ਸਿੰਘ ਤੇ ਬਾਪੂ ਗੁਰਚਰਨ ਸਿੰਘ ਪਟਿਆਲਾ ਅਤੇ ਹੋਰਨਾਂ ਪੰਥਕ ਜਥੇਬੰਦੀਆਂ ਨਾਲ ਸੰਬੰਧਤ ਭਾਈ ਦਿਲਬਾਗ ਸਿੰਘ ਜੱਥਾ ਸਿਰਲੱਥ ਖ਼ਾਲਸਾ, ਰਣਜੀਤ ਸਿੰਘ ਸਿੱਖ ਸਟੂਡੈਂਟਸ ਫੈਡਰੇਸ਼ਨ ਭਿੰਡਰਾਂ ਵਾਲਾ ਆਦਿ ਆਗੂਆਂ ਨੇ ਕਿਹਾ ਕਿ 2 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਬੇਅਦਬੀਆਂ ਤੇ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਆਦਿ ਮਾਮਲਿਆਂ ਸੰਬੰਧੀ ਦੋਸ਼ੀਆਂ ਨੂੰ ਆਪਣੀਆਂ ਗ਼ਲਤੀਆਂ ਮੰਨਣ ਤੋਂ ਬਾਅਦ ਲਗਾਈ ਗਈ ਧਾਰਮਿਕ ਤਨਖ਼ਾਹ ਅਤੇ ਤਤਕਾਲੀ ਜਥੇਦਾਰਾਂ ਬਾਰੇ ਦਿੱਤਾ ਫੈਸਲਾ ਸ਼ਲਾਘਾਯੋਗ ਕਾਰਜ ਹੈ। ਪਰ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਲਈ ਉਸ ਵੇਲੇ ਦੇ ਜਥੇਦਾਰਾਂ ਕੋਲੋਂ ਸਪੱਸ਼ਟੀਕਰਨ ਮੰਗਣ ਵਾਲੇ ਪੰਜ ਪਿਆਰੇ ਸਾਹਿਬਾਨ, ਜਿਨ੍ਹਾਂ ਵਿਚ ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਸਤਨਾਮ ਸਿੰਘ ਖੰਡਾ, ਭਾਈ ਤਰਲੋਕ ਸਿੰਘ, ਭਾਈ ਮੰਗਲ ਸਿੰਘ ਅਤੇ ਭਾਈ ਮੇਜਰ ਸਿੰਘ ਸ਼ਾਮਿਲ ਸਨ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਨੌਕਰੀਆਂ ਤੋਂ ਫਾਰਗ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਮੁਆਫ਼ੀ ਦਾ ਵਿਰੋਧ ਕਰਨ ਵਾਲੇ ਤੇ ਸੱਚ 'ਤੇ ਪਹਿਰਾ ਦੇਣ ਵਾਲੇ ਤਤਕਾਲੀ ਪੰਜ ਪਿਆਰੇ ਸਿੰਘਾਂ ਦਾ ਮਾਮਲਾ ਅਕਾਲ ਤਖ਼ਤ ਸਾਹਿਬ ਵਿਖੇ ਵਿਚਾਰ ਕੇ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਨੂੰ ਪਿਛਲੀ ਤਰੀਕ ਤੋਂ ਮੁੜ ਬਹਾਲ ਕਰਨ ਦੇ ਆਦੇਸ਼ ਦਿੱਤੇ ਜਾਣ। ਇਸ ਉਪਰੰਤ ਹਵਾਰਾ ਕਮੇਟੀ ਆਗੂਆਂ ਨੂੰ ਛੱਡ ਕੇ ਭਾਈ ਰਣਜੀਤ ਸਿੰਘ, ਬਲਜੀਤ ਸਿੰਘ ਖ਼ਾਲਸਾ, ਬੀਬੀ ਸੰਦੀਪ ਕੌਰ, ਭਾਈ ਦਿਲਬਾਗ ਸਿੰਘ, ਬਲਵਿੰਦਰ ਸਿੰਘ ਕਾਲਾ ਤੇ ਹੋਰਨਾਂ ਆਗੂਆਂ ਵਲੋਂ ਜਥੇਦਾਰ ਨੂੰ ਉਕਤ ਮੰਗ ਸੰਬੰਧੀ ਅਕਾਲ ਤਖ਼ਤ ਸਕੱਤਰੇਤ ਵਿਖੇ ਇਕ ਮੰਗ ਪੱਤਰ ਵੀ ਦਿੱਤਾ ਗਿਆ।

ਪੰਥਕ ਜਥੇਬੰਦੀਆਂ ਦੇ ਆਗੂਆਂ ਵਲੋਂ ਜਥੇਦਾਰ ਤੋਂ ਬਰਖ਼ਾਸਤਗੀ ਵਾਲਾ ਮਤਾ ਰੱਦ ਕਰਾਉਣ ਲਈ ਆਦੇਸ਼ ਜਾਰੀ ਕਰਨ ਦੀ ਮੰਗ

ਸਟੇਟ ਅਪ੍ਰੈਂਟਿਸਸ਼ਿਪ ਐਡਵਾਈਜ਼ਰ, ਪੰਜਾਬ ਕਮ-ਨਿਰਦੇਸ਼ਕ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪਲਾਟ ਨੰ: 1-ਏ, ਸੈਕਟਰ 36-ਏ, ਚੰਡੀਗੜ੍ਹ

ਅਪ੍ਰੈਂਟਿਸਸ਼ਿਪ ਟ੍ਰੇਨਿੰਗ ਸਕੀਮ ਦੀ ਜਨਤਕ ਸੂਚਨਾ

ਸਰਕਾਰੀ, ਜਨਤਕ ਖੇਤਰ ਅਦਾਰਿਆਂ ਅਤੇ ਨਿੱਜੀ ਉਦਯੋਗਾਂ (ਜਿਸ ਵਿਚ ਪੰਜਾਬ ਸਟੇਟ ਬੋਰਡਜ਼, ਨਿਗਮ, ਨਗਰ ਨਿਗਮ, ਮਿਊਂਸਪਲ ਕਮੇਟੀਆਂ ਸ਼ਾਮਿਲ ਹਨ) ਦੇ ਅਦਾਰੇ ਨਿਯੋਜਕ ਜਿਨ੍ਹਾਂ ਦੇ ਕਿੱਤੇ ਅਪ੍ਰੈਂਟਿਸਸ਼ਿਪ ਐਕਟ 1961 ਦੇ ਵੱਖ-ਵੱਖ ਮਨੋਨੀਤ ਟਰੇਡਾਂ ਦੇ ਸ਼ਡਿਊਲ ਅਧੀਨ ਆਉਂਦਾ ਹੈ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਅਪ੍ਰੈਂਟਿਸਜ਼ ਨਿਯੁਕਤ ਕਰਨ ਲਈ ਯੋਗ ਹਨ। ਸਾਰੇ ਅਦਾਰੇ ਖੁਦ ਨੂੰ ਅਪ੍ਰੈਂਟਿਸਸ਼ਿਪ ਪੋਰਟਲ www.apprenticeshipindia.gov.in 'ਤੇ ਰਜਿਸਟਰ ਕਰਾਉਣ ਅਤੇ ਸਥਾਨਕ, ਖੇਤਰੀ ਅਖ਼ਬਾਰਾਂ, ਇਲੈਕਟ੍ਰੋਨਿਕ ਮੀਡੀਆ ਵਿਚ ਅਸਾਮੀਆਂ ਦੇ ਇਸ਼ਤਿਹਾਰ ਵੀ ਦੇ ਸਕਦੇ ਹਨ ਅਤੇ ਅਪ੍ਰੈਂਟਿਸ ਨਿਯੁਕਤ ਕਰਨ ਲਈ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ ਨੇੜਲੀਆਂ ਲੋਕਲ ਇੰਪਲਾਇਮੈਂਟ ਐਕਸਚੇਂਜਾਂ ਤੱਕ ਪਹੁੰਚ ਕਰ ਸਕਦੇ ਹਨ ਅਤੇ ਵੈੱਬ ਪੋਰਟਲ www.apprenticeshipindia.gov.in 'ਤੇ ਅਸਾਮੀਆਂ/ਮੌਕੇ ਅਪਲੋਡ ਵੀ ਕਰ ਸਕਦੇ ਹਨ।

ਭਾਰਤ ਸਰਕਾਰ ਨੇ ਅਪ੍ਰੈਂਟਿਸਜ਼ ਨਿਯੁਕਤ ਕਰਨ ਲਈ ਹੋਰ ਐਮ ਐਸ ਐਮ ਈਜ਼ ਨੂੰ ਉਤਸ਼ਾਹਿਤ ਕਰਨ ਵਾਸਤੇ ਨੈਸ਼ਨਲ ਅਪ੍ਰੈਂਟਿਸਸ਼ਿਪ ਪ੍ਰੋਮੋਸ਼ਨਲ ਸਕੀਮ (ਐਨ ਏ ਪੀ ਐਸ-2) ਵੀ ਸ਼ੁਰੂ ਕੀਤੀ ਹੈ। ਇਹ ਸਕੀਮ ਅਪ੍ਰੈਂਟਿਸ ਐਕਟ 1961 ਅਧੀਨ ਸ਼ਾਮਿਲ ਅਦਾਰਿਆਂ ਦਾ ਸਮਰਥਨ ਕਰਦੀ ਹੈ ਅਤੇ ਐਨ ਏ ਪੀ ਐਸ-2 ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੀ ਬੀ ਟੀ ਰਾਹੀਂ ਭਾਰਤ ਸਰਕਾਰ ਦੁਆਰਾ ਅਪ੍ਰੈਂਟਿਸ ਨੂੰ ਸਿੱਧੇ ਰੂਪ ਵਿਚ ਨਿਰਧਾਰਤ ਸਟਾਈਪੈਂਡ ਦਾ 25% ਹਿੱਸਾ ਵੀ ਦਿੰਦੀ ਹੈ ਜੋ ਵੱਧ ਤੋਂ ਵੱਧ ਰੁ: 1500/- ਪ੍ਰਤੀ ਮਹੀਨਾ ਦੇ ਤਹਿਤ ਹੋਵੇਗਾ। ਸਟਾਈਪੈਂਡ ਸਮਰਥਨ ਨਵੇਂ ਉਮੀਦਵਾਰਾਂ ਨੂੰ ਬੇਸਿਕ ਟ੍ਰੇਨਿੰਗ ਅਰਸੇ ਦੌਰਾਨ ਨਹੀਂ ਦਿੱਤਾ ਜਾਵੇਗਾ। ਅਪ੍ਰੈਂਟਿਸਜ਼ ਨੂੰ ਨਿਯੁਕਤ ਕਰਨ ਅਤੇ ਜਾਣਕਾਰੀ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਪ੍ਰਦਾਨ ਕਰਨ ਦੀ ਇਜਾਜ਼ਤ ਲਈ ਐਮ ਆਈ ਐਸ ਦਾ ਇਕ ਜਨਤਕ ਵੈੱਬ ਪੋਰਟਲ www.apprenticeshipindia.gov.in 'ਤੇ ਉਪਲਬਧ ਹੈ। ਸਾਰੇ ਅਦਾਰੇ ਪੰਜਾਬ ਰਾਜ ਬੋਰਡਜ਼, ਨਿਗਮਾਂ ਅਤੇ ਨਗਰ ਨਿਗਮਾਂ/ਕਮੇਟੀਆਂ ਨੂੰ ਖੁਦ ਨੂੰ ਪੋਰਟਲ 'ਤੇ ਰਜਿਸਟਰਡ ਕਰਾਉਣਾ ਹੋਵੇਗਾ। ਵਿਸਤਾਰਤ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ ਪੋਰਟਲ 'ਤੇ ਉਪਲਬਧ ਹਨ।

ਸਾਲ ਭਰ ਰਜਿਸਟ੍ਰੇਸ਼ਨ ਲਈ ਚਾਹਵਾਨ ਉਮੀਦਵਾਰ (8ਵੀਂ/10ਵੀਂ/12ਵੀਂ ਪਾਸ ਅਤੇ ਆਈ ਟੀ ਆਈ/ਐਨ ਟੀ ਸੀ ਹੋਲਡਰਜ਼) ਹੇਠਾਂ ਲਿਖੇ ਢੰਗਾਂ ਦੀ ਵਰਤੋਂ ਕਰ ਸਕਦੇ ਹਨ।

1. ਖੁਦ ਨੂੰ ਪੋਰਟਲ www.apprenticeshipindia.gov.in 'ਤੇ ਰਜਿਸਟਰ ਕਰਾਓ ਅਤੇ ਖੁਦ ਦੀ ਨਿਯੁਕਤੀ ਲਈ ਆਪਣੇ ਦੁਆਰਾ ਚੁਣੇ ਹੋਏ ਅਦਾਰਿਆਂ ਕੋਲ ਪਹੁੰਚ ਕਰੋ।
2. ਪੰਜਾਬ ਰਾਜ ਦੀਆਂ ਕਿਸੇ ਵੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਪੋਰਟਲ 'ਤੇ ਰਜਿਸਟ੍ਰੇਸ਼ਨ ਲਈ ਦਸਤਾਵੇਜ਼ਾਂ ਦੀਆਂ ਕਾਪੀਆਂ ਸਹਿਤ ਭਰਿਆ ਹੋਇਆ ਨਿਰਧਾਰਤ ਪ੍ਰੋਫਾਰਮਾ ਪੇਸ਼ ਕਰੋ। ਅਪ੍ਰੈਂਟਿਸ ਅਨੁਸਾਰ ਉਮੀਦਵਾਰਾਂ ਦੀ ਰਜਿਸਟ੍ਰੇਸ਼ਨ ਲਈ ਨਿਰਧਾਰਤ ਪ੍ਰੋਫਾਰਮਾ ਵੈੱਬਸਾਈਟ www.punjabitis.gov.in 'ਤੇ ਉਪਲਬਧ ਹੈ।

ਨਵੇਂ ਉਮੀਦਵਾਰ ਜੋ ਰਜਿਸਟਰ ਹੋਏ ਹਨ ਅਤੇ ਜਿਨ੍ਹਾਂ ਦੇ ਕੰਟਰੈਕਟਸ 15 ਅਪ੍ਰੈਲ ਨੂੰ ਜਾਂ ਇਸ ਤੋਂ ਪਹਿਲਾਂ ਜੈਨਰੇਟ ਕੀਤੇ ਗਏ ਹਨ, ਉਨ੍ਹਾਂ ਨੂੰ ਉਸ ਸਾਲ ਦੇ ਪਹਿਲੇ ਬੈਚ ਵਿਚ ਵੰਡ ਕੀਤੀ ਜਾਵੇਗੀ ...

ਮਿਤੀ : 01.12.2024
ਸਟੇਟ ਅਪ੍ਰੈਂਟਿਸਸ਼ਿਪ ਐਡਵਾਈਜ਼ਰ-ਕਮ-ਨਿਰਦੇਸ਼ਕ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ
PR-Advt No.- 26/12/1129/2023/39855

POWERLINKS TRANSMISSION LIMITED

Registered Office: Powerlinks Transmission Limited, 10th Floor, DLF Tower A, District Centre Jasola, New Delhi 110025

ਜਨਤਕ ਨੋਟਿਸ

ਵਿੱਤੀ ਸਾਲ 2019-24 ਲਈ ਸਾਲਾਨਾ ਟਰਾਂਸਮਿਸ਼ਨ ਚਾਰਜਿਜ਼ ਦੀ ਟਰੂਇੰਗ ਅੱਪ ਅਤੇ ਵਿੱਤੀ ਸਾਲ 2024-29 ਕੰਟਰੋਲ ਅਰਸੇ ਲਈ ਪ੍ਰਸਤਾਵਿਤ ਸਾਲਾਨਾ ਟਰਾਂਸਮਿਸ਼ਨ ਚਾਰਜਿਜ਼ ਦੀ ਪ੍ਰਵਾਨਗੀ ਲਈ ਸੈਂਟਰਲ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (ਕਾਰੋਬਾਰ ਦਾ ਸੰਚਾਲਨ) ਰੈਗੂਲੇਸ਼ਨਜ਼ 2023 ਦੇ ਰੈਗੂਲੇਸ਼ਨ 23 ਦੇ ਕਲਾਜ਼ (7) ਦੀ ਪਾਲਣਾ ਵਿਚ ਪਾਵਰਲਿੰਕਸ ਟਰਾਂਸਮਿਸ਼ਨ ਲਿਮਟਿਡ ("ਪਟੀਸ਼ਨਰ") ਦੀ ਪਟੀਸ਼ਨ ਉੱਤੇ ਸੁਝਾਅ/ਇਤਰਾਜ਼ ਮੰਗਣ ਦਾ ਨੋਟਿਸ

1. ਪਟੀਸ਼ਨਰ ਨੇ ਤਾਲਾ ਹਾਈਡਰੋ ਇਲੈਕਟ੍ਰਿਕ ਪ੍ਰਾਜੈਕਟ ਨਾਲ ਸੰਬੰਧਿਤ, ਸੰਯੁਕਤ ਟਰਾਂਸਮਿਸ਼ਨ ਸਿਸਟਮ ਲਈ ਇਲੈਕਟ੍ਰੀਸਿਟੀ ਐਕਟ 2003 ਦੀ ਧਾਰਾ 79 ਅਤੇ ਸੀ ਈ ਆਰ ਸੀ (ਕਾਰੋਬਾਰ ਦਾ ਸੰਚਾਲਨ) ਰੈਗੂਲੇਸ਼ਨਜ਼ 2023 ਦੇ ਰੈਗੂਲੇਸ਼ਨ 23 ਨਾਲ ਪੜ੍ਹੇ ਜਾਂਦੇ ਸੀ ਈ ਆਰ ਸੀ (ਟੈਰਿਫ ਦੇ ਨਿਯਮ ਅਤੇ ਸ਼ਰਤਾਂ) ਰੈਗੂਲੇਸ਼ਨ 2019 ਅਧੀਨ ਵਿੱਤੀ ਸਾਲ 2019-24 ਲਈ ਟੈਰਿਫ ਦੀ ਟਰੂਇੰਗ ਅੱਪ ...

ਟਰਾਂਸਮਿਸ਼ਨ ਸਿਸਟਮ ਦਾ ਨਾਂ	2019-20	2020-21	2021-22	2022-23	2023-24
ਸੰਯੁਕਤ ਐਸੇਟ	15283.55	15173.07	13887.70	13804.80	13758.95
	2024-25	2025-26	2026-27	2027-28	2028-29
	13652.38	14228.27	15333.48	16165.99	15333.38

Place : Noida
Date : 07.12.2024
Mr. Avinash Chander Dhawan
Chief Finance Officer- Powerlinks Transmission Ltd